# ਹੈਵੀ-ਡਿਊਟੀ ਜਾਂਚ ਅਤੇ
# ਦੇਖਰੇਖ (HD I/M) ਅਧਿਨਿਯਮ:
# ਔਨ-ਬੋਰਡ ਡਾਇਗਨੌਸਟਿਕਸ (OBD) ਟੈਸਟਿੰਗ ਡੀਵਾਈਸਾਂ

31 ਅਕਤੂਬਰ, 2022

## HD I/M OBD ਤਾਮੀਲ ਟੈਸਟਾਂ ਨੂੰ ਕਰਨ ਲਈ ਮੈਨੂੰ ਕਿਹੜੇ ਸਾਜ਼ੋ-ਸਮਾਨ ਦੀ ਲੋੜ ਹੁੰਦੀ ਹੈ?

ਸਿਰਫ਼ ਕੈਲੀਫੋਰਨੀਆ ਏਅਰ ਰਿਸੌਰਸਜ਼ ਬੋਰਡ (CARB) ਵੱਲੋਂ ਪ੍ਰਮਾਣਿਤ OBD ਟੈਸਟ ਡੀਵਾਈਸਾਂ ਨੂੰ ਹੀ OBD ਤਾਮੀਲ ਟੈਸਟਿੰਗ ਕਰਨ ਲਈ ਵਰਤਿਆ ਜਾ ਸਕਦਾ ਹੈ ਜਦ ਜਨਵਰੀ 2023 ਵਿੱਚ HD I/M ਪ੍ਰੋਗਰਾਮ ਸ਼ੁਰੂ ਹੁੰਦਾ ਹੈ। CARB-ਪ੍ਰਮਾਣਿਤ ਟੈਸਟ ਡੀਵਾਈਸਾਂ, ਜਿਸ ਵਿੱਚ ਡੀਵਾਈਸਾਂ ਨੂੰ ਖਰੀਦਣ ਲਈ ਵਿਕਰੇਤਾ ਜਾਣਕਾਰੀ ਵੀ ਸ਼ਾਮਲ ਹੈ, ਨੂੰ CARB ਦੇ HD I/M ਮੁੱਖ ਪ੍ਰੋਗਰਾਮ ਦੇ ਵੈੱਬਪੰਨੇ 'ਤੇ ਏਥੇ ਦਿਖਾਇਆ ਜਾਂਦਾ ਹੈ: https://ww2.arb.ca.gov/our-work/programs/inspection-and-maintenance-program/obd-test-devices.

## ਮੇਰੇ ਕੋਲ ਪਹਿਲਾਂ ਹੀ ਇੱਕ OBD ਸਕੈਨ ਟੂਲ ਹੈ। ਕੀ ਮੈਂ ਉਸਦੀ ਵਰਤੋਂ HD I/M ਤਾਮੀਲ ਟੈਸਟਿੰਗ ਲਈ ਕਰ ਸਕਦਾ/ਦੀ ਹਾਂ?

ਨਹੀਂ, ਜਦੋਂ ਤੱਕ ਇਹ CARB ਵੱਲੋਂ ਪ੍ਰਮਾਣਿਤ ਨਾ ਹੋਵੇ। ਹਾਲਾਂਕਿ ਬਾਜ਼ਾਰ ਵਿੱਚ ਪਹਿਲਾਂ ਤੋਂ ਹੀ OBD ਸਕੈਨ ਟੂਲ ਮੌਜੂਦ ਹਨ, ਪਰ ਤੁਸੀਂ ਕੇਵਲ ਉਸੇ ਦੀ ਵਰਤੋਂ ਕਰ ਸਕਦੇ ਹੋ ਜਿਸਨੂੰ CARB ਦੁਆਰਾ HD I/M ਪ੍ਰੋਗਰਾਮ ਵਿੱਚ ਵਰਤੋਂ ਲਈ ਪ੍ਰਮਾਣਿਤ ਕੀਤਾ ਗਿਆ ਹੈ ਅਤੇ ਜੋ CARB ਦੀ OBD ਟੈਸਟ ਡੀਵਾਈਸਾਂ ਦੀ ਸੂਚੀ 'ਤੇ ਹੈ। CARB ਵੱਲੋਂ ਪ੍ਰਮਾਣਿਤ ਨਾ ਕੀਤੀ ਗਈ ਕਿਸੇ OBD ਟੈਸਟ ਡੀਵਾਈਸ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨ ਦਾ ਨਤੀਜਾ ਅਸਫਲ ਟੈਸਟ ਦੇ ਰੂਪ ਵਿੱਚ ਨਿਕਲੇਗਾ।

## ਵਧੇਰੇ CARB-ਪ੍ਰਮਾਣਿਤ OBD ਟੈਸਟ ਡੀਵਾਈਸਾਂ ਅਤੇ ਵਿਕਰੇਤਾ ਜਾਣਕਾਰੀ ਨੂੰ ਸੂਚੀ ਵਿੱਚ ਕਦੋਂ ਸ਼ਾਮਲ ਕੀਤਾ ਜਾਵੇਗਾ?

ਜਦ ਡੀਵਾਈਸ ਵਿਕਰੇਤਾ CARB ਦੀ ਪ੍ਰਮਾਣਿਕਤਾ ਪ੍ਰਕਿਰਿਆ ਨੂੰ ਪੂਰਾ ਕਰਦੇ ਹਨ ਤਾਂ CARB OBD ਟੈਸਟ ਡੀਵਾਈਸਾਂ ਦੇ ਵੈੱਬਪੰਨੇ ਨੂੰ ਅੱਪਡੇਟ ਕਰ ਦੇਵੇਗਾ। ਇਹ ਪ੍ਰਮਾਣਿਕਤਾ ਪ੍ਰਕਿਰਿਆ ਇਹ ਯਕੀਨੀ ਬਣਾਉਣ ਲਈ ਅਤੀ ਜ਼ਰੂਰੀ ਹੈ ਕਿ OBD ਟੈਸਟ ਡੀਵਾਈਸਾਂ ਉਹ ਜ਼ਰੂਰੀ ਡੇਟਾ ਇਕੱਤਰ ਕਰਦੀਆਂ ਹਨ ਜੋ CARB ਵਾਸਤੇ ਇਹ ਪਤਾ ਲਾਉਣ ਲਈ ਜ਼ਰੂਰੀ ਹੈ ਕਿ ਕੀ ਕੋਈ ਵਾਹਨ HD I/M ਦੀ ਤਾਮੀਲ ਕਰਦਾ ਹੈ, CARB ਦੇ ਅਧਿਨਿਯਮਾਂ ਵੱਲੋਂ ਨਿਰਧਾਰਤ ਫਾਰਮੈਟ ਵਿੱਚ CARB ਨੂੰ ਡੇਟਾ ਪ੍ਰਸਾਰਿਤ ਕਰਦੀਆਂ ਹਨ, ਅਤੇ ਵਾਹਨ ਦੀਆਂ ਕਾਰਵਾਈਆਂ ਵਿੱਚ ਵਿਘਨ ਤਾਂ ਨਹੀਂ ਪਾਉਂਦੀਆਂ ਜਾਂ ਇੰਜਨ ਨੂੰ ਨੁਕਸਾਨ ਤਾਂ ਨਹੀਂ ਪਹੁੰਚਾਉਂਦੀਆਂ।

## ਮੈਂ CARB-ਪ੍ਰਮਾਣਿਤ OBD ਟੈਸਟ ਡੀਵਾਈਸਾਂ ਨੂੰ ਕਿੱਥੋਂ ਖਰੀਦ ਸਕਦਾ/ਦੀ ਹਾਂ?

ਜ਼ਰੂਰੀ ਸਾਜ਼ੋ-ਸਮਾਨ ਖ਼ਰੀਦਣ ਲਈ, ਰੁਚੀ ਰੱਖਦੀਆਂ ਧਿਰਾਂ ਵਾਸਤੇ ਸਿੱਧੇ ਤੌਰ 'ਤੇ ਡੀਵਾਈਸ ਵਿਕਰੇਤਾ ਨਾਲ ਤਾਲਮੇਲ ਕਰਨਾ ਲਾਜ਼ਮੀ ਹੈ। ਮਨਜ਼ੂਰਸ਼ੁਦਾ ਡੀਵਾਈਸ ਵਿਕਰੇਤਾਵਾਂ ਵਾਸਤੇ ਸੰਪਰਕ ਜਾਣਕਾਰੀ CARB ਦੇ HD I/M ਮੁੱਖ ਵੈੱਬਪੰਨੇ 'ਤੇ ਏਥੇ ਦੇਖੀ ਜਾ ਸਕਦੀ ਹੈ: [https://ww2.arb.ca.gov/our-work/programs/inspection-and-maintenance-program/obd-test-devices](https://ww2.arb.ca.gov/our-work/programs/inspection-and-maintenance-program/obd-test-devices).

ਜਦ ਹੋਰ ਵਧੇਰੇ ਵਿਕਰੇਤਾ ਪ੍ਰਮਾਣਿਕਤਾ ਵਾਸਤੇ ਆਪਣੇ ਉਤਪਾਦ CARB ਨੂੰ ਸੌਂਪਦੇ ਹਨ ਅਤੇ ਉਹਨਾਂ ਨੂੰ HD I/M ਪ੍ਰੋਗਰਾਮ ਵਿੱਚ ਵਰਤੋਂ ਲਈ ਮਨਜ਼ੂਰ ਕਰ ਲਿਆ ਜਾਂਦਾ ਹੈ, ਤਾਂ ਅਸੀਂ OBD ਟੈਸਟ ਡੀਵਾਈਸਾਂ ਦੀ ਆਪਣੀ ਸੂਚੀ ਅੱਪਡੇਟ ਕਰਾਂਗੇ, ਜਿਸ ਵਿੱਚ ਵਿਕਰੇਤਾ ਦੀ ਸੰਪਰਕ ਜਾਣਕਾਰੀ ਵੀ ਸ਼ਾਮਲ ਹੋਵੇਗੀ।

## OBD ਟੈਸਟ ਡੀਵਾਈਸ ਦੀ ਲਾਗਤ ਕਿੰਨੀ ਹੁੰਦੀ ਹੈ?

ਇੱਛਤ ਟੈਸਟਿੰਗ ਵਿਕਲਪ ਉੱਤੇ ਨਿਰਭਰ ਕਰਨ ਅਨੁਸਾਰ, ਲਾਗਤਾਂ ਵੱਖ-ਵੱਖ ਹੋ ਸਕਦੀਆਂ ਹਨ। ਰੁਚੀ ਰੱਖਦੀਆਂ ਧਿਰਾਂ ਡੀਵਾਈਸ ਵਿਕਰੇਤਾਵਾਂ ਕੋਲੋਂ ਉਹਨਾਂ ਦੇ ਉਤਪਾਦਾਂ ਦੀਆਂ ਕੀਮਤਾਂ ਜਾਣਨ ਵਾਸਤੇ ਉਹਨਾਂ ਨਾਲ ਸਿੱਧੇ ਤੌਰ 'ਤੇ ਸੰਪਰਕ ਕਰਨ ਲਈ ਜ਼ਿੰਮੇਵਾਰ ਹਨ। ਅਸੀਂ ਹਰ ਡੀਵਾਈਸ ਲਈ OBD ਟੈਸਟ ਡੀਵਾਈਸ ਵੈੱਬਪੰਨੇ ਉੱਤੇ ਵਿਕਰੇਤਾ ਦੀ ਸੰਪਰਕ ਜਾਣਕਾਰੀ ਸ਼ਾਮਲ ਕਰਾਂਗੇ।

## ਸਿਲਵਰ ਸਨੈਪ-ਟੂਲ ਕੀ ਹੈ?

ਸਿਲਵਰ ਸਨੈਪ-ਟੂਲ CARB-ਪ੍ਰਮਾਣਿਤ ਸਾਫਟਵੇਅਰ ਹੈ ਜੋ HD I/M ਪ੍ਰੋਗਰਾਮ ਵਿੱਚ OBD ਤਾਮੀਲ ਟੈਸਟਿੰਗ ਅਤੇ ਡੇਟਾ ਸਪੁਰਦਰਗੀ ਲਈ ਉਪਲਬਧ ਹੈ। ਸਿਲਵਰ ਸਨੈਪ-ਟੂਲ ਹੈਵੀ-ਡਿਊਟੀ ਵਾਹਨਾਂ ਵਾਸਤੇ SAE J1939 ਅਤੇ SAE J1979 OBD ਦੋਨੋਂ ਪ੍ਰੋਟੋਕੋਲਾਂ ਦਾ ਸਮਰਥਨ ਕਰਦਾ ਹੈ, ਇੱਕ ਤੋਂ ਵਧੇਰੇ ਇੰਟਰਫੇਸਾਂ ਨਾਲ ਕਾਰਜ ਕਰਦਾ ਹੈ, ਲੋੜੀਂਦਾ OBD ਡੇਟਾ ਇਕੱਤਰ ਕਰਦਾ ਹੈ, ਅਤੇ CARB ਅਧਿਨਿਯਮਾਂ ਦੁਆਰਾ ਨਿਰਧਾਰਤ ਫਾਰਮੈਟ ਵਿੱਚ CARB ਨੂੰ ਡੇਟਾ ਪ੍ਰਸਾਰਿਤ ਕਰਦਾ ਹੈ। ਸਿਲਵਰ ਸਨੈਪ-ਟੂਲ ਨੂੰ ਸਿੱਧੇ ਤੌਰ 'ਤੇ RA Consulting ਤੋਂ ਖਰੀਦਿਆ ਜਾ ਸਕਦਾ ਹੈ। ਸਾਜ਼ੋ-ਸਮਾਨ ਦੇ ਵਿਕਲਪਾਂ ਅਤੇ ਸਿਲਵਰ ਸਨੈਪ-ਟੂਲ ਦੀ ਕੀਮਤ ਬਾਰੇ ਵਧੇਰੇ ਜਾਣਕਾਰੀ ਵਾਸਤੇ RA Consulting ਦੀ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਹੇਠ ਲਿਖੇ ਲਿੰਕ ਦੀ ਵਰਤੋਂ ਕਰੋ: http://silversnaptool.com.

ਕਿਰਪਾ ਕਰਕੇ ਨੋਟ ਕਰੋ ਕਿ ਇਸ ਡੀਵਾਈਸ ਦੀ ਵਰਤੋਂ ਕਰਨ ਲਈ ਇੱਕ ਵੈਧ HD I/M ਟੈਸਟਰ ਸ਼ਨਾਖਤ ਨੰਬਰ ਲੋੜੀਂਦਾ ਹੈ। HD I/M ਟੈਸਟਰ ਬਣਨ ਲਈ ਲੋੜੀਂਦੀ ਸਿਖਲਾਈ ਬਾਰੇ ਵਧੇਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ HD I/M ਟੈਸਟਰ ਲਈ ਤੱਥ ਸ਼ੀਟ ਦੇਖੋ।

## ਜਦ ਹੋਰ CARB-ਪ੍ਰਮਾਣਿਤ OBD ਟੈਸਟ ਡੀਵਾਈਸਾਂ ਉਪਲਬਧ ਹੋ ਜਾਂਦੀਆਂ ਹਨ ਤਾਂ ਮੈਂ ਸੂਚਨਾ ਕਿਵੇਂ ਪ੍ਰਾਪਤ ਕਰ ਸਕਦਾ/ਦੀ ਹਾਂ?

HD I/M ਪ੍ਰੋਗਰਾਮ ਵਿੱਚ ਵਰਤੋਂ ਵਾਸਤੇ ਹੋਰ OBD ਟੈਸਟ ਡੀਵਾਈਸਾਂ ਉਪਲਬਧ ਹੋਣ 'ਤੇ ਈਮੇਲ ਸੂਚਨਾਵਾਂ ਪ੍ਰਾਪਤ ਕਰਨ ਲਈ ਏਥੇ ਸਬਸਕ੍ਰਾਈਬ ਕਰੋ: ਕੈਲੀਫੋਰਨੀਆ ਏਅਰ ਰਿਸੋਰਸਜ਼ ਬੋਰਡ (govdelivery.com).

## HD I/M ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ ਨੂੰ ਦੇਖੋ:
https://ww2.arb.ca.gov/sites/default/files/truckstop/hdim/hdim.html ਜਾਂ
https://ww2.arb.ca.gov/our-work/programs/heavy-duty-inspection-and-maintenance-program.

ਤੁਸੀਂ HD I/M

ਟੈਸਟਰ ਸਿਖਲਾਈ ਕੋਰਸ ਵਾਸਤੇ ਵਿਕਸਿਤ ਕੀਤੇ CARB ਦੇ ਸਿਖਲਾਈ ਮਾਡਿਊਲਾਂ ਨੂੰ ਏਥੇ ਵੀ ਦੇਖ ਸਕਦੇ ਹੋ: https://ww2.arb.ca.gov/sites/default/files/truckstop/azregs/training.html. ਉਹਨਾਂ ਨੂੰ ਦੇਖਣ ਲਈ ਸਕ੍ਰੋਲ ਕਰਕੇ "Helpful Videos" (ਮਦਦਗਾਰੀ ਵੀਡੀਓ) ਸੈਕਸ਼ਨ 'ਤੇ ਜਾਓ। ਇਹ ਮਾਡਿਊਲ HD I/M ਅਧਿਨਿਯਮ ਅਤੇ ਟੈਸਟਿੰਗ ਪ੍ਰਕਿਰਿਆਵਾਂ ਦੀਆਂ ਲੋੜਾਂ ਬਾਰੇ ਵਧੇਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦੇ ਹਨ।

## ਅੰਤਿਮ HD I/M ਅਧਿਨਿਯਮ ਦੀ ਲਿਖਤ ਮੈਨੂੰ ਕਿੱਥੇ ਮਿਲ ਸਕਦੀ ਹੈ?

HD I/M ਅਧਿਨਿਯਮ, ਜਿਸਨੂੰ ਅੰਤਿਮ ਅਧਿਨਿਯਮ ਆਦੇਸ਼ ਕਿਹਾ ਜਾਂਦਾ ਹੈ, ਸਿਰਲੇਖ 13, ਕੈਲੀਫੋਰਨੀਆ ਅਧਿਨਿਯਮ ਜ਼ਾਬਤਾ, ਸੈਕਸ਼ਨ 2195 - 2199.1 ਵਿੱਚ ਹੈ ਅਤੇ ਇਹ ਏਥੇ ਉਪਲਬਧ ਹੈ: https://ww2.arb.ca.gov/sites/default/files/barcu/regact/2021/hdim2021/hdi-mfroatta-1.pdf.

## ਜੇ ਮੇਰੇ ਕੋਈ ਵਾਧੂ ਸਵਾਲ ਹੋਣ ਤਾਂ ਮੈਂ CARB ਨਾਲ ਕਿਵੇਂ ਸੰਪਰਕ ਕਰਾਂ?

ਕਿਰਪਾ ਕਰਕੇ ਅਮਲੇ ਨੂੰ ਇਸ ਪਤੇ 'ਤੇ ਈਮੇਲ ਕਰੋ: hdim@arb.ca.gov. ਅਸੀਂ ਆਮ ਤੌਰ 'ਤੇ ਤਿੰਨ ਤੋਂ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਜਵਾਬ ਦੇ ਦਿੰਦੇ ਹਾਂ।